ਕਲਾਸ - 7ਮੀਂ

Ex-10.1

1 ਇੱਕ ਰੇਖਾ $l$ ਲਉ, ਇਸਦੇ ਬਾਹਰ ਸਥਿਤ ਕੋਈ ਬਿੰਦੂ P ਲਉ। ਸਿਰਫ਼ ਫੁੱਟੇ ਅਤੇ ਪਰਕਾਰ ਦੀ ਸਹਾਇਤਾ ਨਾਲ P ਵਿੱਚੋਂ ਲੰਘਦੀ ਹੋਈ ਰੇਖਾ $l$ ਦੇ ਸਮਾਂਤਰ ਇੱਕ ਰੇਖਾ ਖਿੱਚੋ।




ਰਚਨਾ:- ਇੱਕ ਰੇਖਾ $l$ ਲਈ ਅਤੇ ਇਸ ਰੇਖਾ ਦੇ ਬਾਹਰ ਇੱਕ ਬਿੰਦੂ P ਲਿਆ

2. $l$ ਰੇਖਾ ਉਪਰ ਇੱਕ ਬਿੰਦੂ P ਲਿਆ ਅਤੇ PA ਨੂੰ ਮਿਲਾਇਆ।
3. A ਨੂੰ ਕੇਂਦਰ ਮੰਨ ਕੇ ਅਰਧਵਿਆਸ ਦੀ ਇੱਕ ਚਾਪ ਲਗਾਈ ਜਿਹੜੀ $l$ ਨੂੰ B ਬਿੰਦੂ ਅਤੇ AP ਨੂੰ C ਤੇ ਕੱਟਦੀ ਹੈ।
4. ਹੁਣ P ਨੂੰ ਕੇਂਦਰ ਮੰਨ ਕੇ ਉਸੇ ਅਰਧਵਿਆਸ ਦੀ ਇੱਕ ਚਾਪ ਲਗਾਈ ਜਿਹੜੀ ਕਿ AP ਨੂੰ D ਬਿੰਦੂ ਤੇ ਕੱਟਦੀ ਹੈ।
5. ਪਰਕਾਰ ਨਾਲ BC ਨੂੰ ਮਾਪਣਾ ਅਤੇ D ਨੂੰ ਕੇਂਦਰ ਮੰਨ ਕੇ ਚਾਪ DE = BC ਕੱਟਿਆ।
6. P ਨੂੰ E ਬਿੰਦੂ ਨਾਲ ਮਿਲਾਇਆ ਅਤੇ ਦੋਨਾਂ ਪਾਸੇ ਰੇਖਾ ਨੂੰ ਵਧਾ ਦਿੱਤਾ।
7. ਇਹ ਰੇਖਾ m ਸਮਾਂਤਰ $l$ ਹੈ।

ਮਹਿੰਦਰ ਕੌਰ
ਮੈਥ ਮਿਸਟ੍ਰੈਸ
ਸ.ਕੰ.ਸ.ਸ.ਸ. ਲੋਹੀਆਂ ਖ

REDMI NOTE 9 PRO MAX

2 ਰੇਖਾ $l$ ਤੋਂ 3.5 cm ਦੀ ਦੂਰੀ ਤੇ ਇੱਕ ਸਮਾਂਤਰ ਰੇਖਾ ਖਿੱਚੋ।




ਰਚਨਾ :-

1. ਇੱਕ ਰੇਖਾ $l$ ਲਈ ਉਸ ਉੱਪਰ P ਬਿੰਦੂ ਲਿਆ।
2 $l$ ਰੇਖਾ ਉੱਪਰ P ਬਿੰਦੂ ਤੇ 90° ਦਾ ਕੋਣ ਬਣਾ PN ਲੰਬ ਖਿੱਚਿਆ
3 P ਬਿੰਦੂ ਤੋਂ PQ = 3.5 cm ਕੱਟੀ
4. Q ਬਿੰਦੂ ਤੋਂ ਕੰਪਾਸ ਦੀ ਮਦਦ ਨਾਲ $l$ ਦੇ ਸਮਾਂਤਰ ਇੱਕ ਕੋਣ ਬਣਾਕੇ ਸਮਾਂਤਰ ਰੇਖਾ m ਖਿੱਚੀ।

ਮਨਿੰਦਰ ਕੌਰ
ਮੈਥ ਮਿਸਟ੍ਰੈਸ
ਸ.ਕੰ.ਸ.ਸ.ਸ.

REDMI NOTE 9 PRO MAX
AI QUAD CAMERA

3 ਮੰਨ ਲਓ l ਇੱਕ ਰੇਖਾ ਹੈ ਅਤੇ P ਇੱਕ ਬਿੰਦੂ ਹੈ ਜੋ l ਉੱਪਰ ਸਥਿਤ ਨਹੀਂ ਹੈ। P ਤੋਂ ਹੋ ਕੇ l ਦੇ ਸਮਾਂਤਰ ਇੱਕ ਰੇਖਾ m ਖਿੱਚੋ। ਹੁਣ P ਨੂੰ l ਤੇ ਕਿਸੇ ਬਿੰਦੂ Q ਨਾਲ ਜੋੜੋ। m ਉੱਪਰ ਕੋਈ ਹੋਰ ਬਿੰਦੂ R ਚੁਣੋ। R ਤੋਂ ਹੋ ਕੇ; PQ ਦੇ ਸਮਾਂਤਰ ਇੱਕ ਰੇਖਾ ਖਿੱਚੋ। ਮੰਨ ਲਓ ਇਹ ਰੇਖਾ, ਰੇਖਾ l ਨੂੰ ਬਿੰਦੂ S ਉੱਪਰ ਮਿਲਦੀ ਹੈ। ਸਮਾਂਤਰ ਰੇਖਾਵਾਂ ਦੇ ਇਹਨਾਂ ਦੋਨਾਂ ਸਮੂਹਾਂ ਤੋਂ ਕਿਹੜੀ ਆਕ੍ਰਿਤੀ ਬਣਦੀ ਹੈ?




ਰਚਨਾ:-

1 ਇਕ ਰੇਖਾ l ਖਿੱਚੀ ਅਤੇ ਇਸਦੇ ਬਾਹਰ ਬਿੰਦੂ P ਲਿਆ।

2 l ਉੱਪਰ ਇੱਕ ਬਿੰਦੂ Q ਲਿਆ, ਅਤੇ PQ ਨੂੰ ਮਿਲਾਇਆ।

3. P ਬਿੰਦੂ ਵਿੱਚੋਂ ਲੰਘਦੀ ਹੋਈ l ਰੇਖਾ ਦੇ ਸਮਾਂਤਰ ਇਕ ਰੇਖਾ m ਖਿੱਚੀ।

4. m ਰੇਖਾ ਉੱਪਰ ਇੱਕ ਬਿੰਦੂ R ਲਿਆ।

5 PQ ਦੇ ਸਮਾਂਤਰ ਇੱਕ ਰੇਖਾ RS ਖਿੱਚੀ

ਇਹ ਆਕ੍ਰਿਤੀ ਸਮਾਂਤਰ ਚਤੁਰਭੁਜ ਹੈ।

ਅਮਿੰਦਰ ਕੌਰ
ਮੈਥ ਮਿਸਟ੍ਰੈਸ

REDMI NOTE 9 PRO MAX
AI QUAD CAMERA

4.(i) ਕਿਸੇ ਰੇਖਾ ਦੇ ਬਾਹਰੀ ਬਿੰਦੂ ਤੋਂ ਉਸ ਰੇਖਾ ਦੇ ਸਮਾਂਤਰ ਕਿੰਨੀਆਂ ਰੇਖਾਵਾਂ ਖਿੱਚੀਆਂ ਜਾ ਸਕਦੀਆਂ ਹਨ?

(a) 0 (b) 2

(c) 1 (d) 3

Ans C.

4.(ii) ਹੇਠ ਲਿਖਿਆਂ ਵਿੱਚੋਂ ਕਿਸ ਦੀ ਵਰਤੋਂ ਕਰਕੇ ਇੱਕ ਰੇਖਾ ਦੇ ਸਮਾਂਤਰ ਰੇਖਾ ਖਿੱਚੀ ਜਾ ਸਕਦੀ ਹੈ।

(a) ਕੋਣ ਮਾਪਕ (b) ਫੁੱਟਾ

(c) ਪ੍ਰਕਾਰ (d) ਫੁੱਟਾ ਅਤੇ ਪ੍ਰਕਾਰ

Ans d

ਮਨਿੰਦਰ ਕੌਰ
ਮੈਥ ਮਿਸਟ੍ਰੈਸ
ਸ. ਹੈ. ਸ. ਸ. ਸ. ਲੋਹੀਆਂ

REDMI NOTE 9 PRO MAX
AI QUAD CAMERA